Matte Story | May 11, 2018

11 ਮਈ, 2018

# ਚੰਗੇ ਗਵਾਂਢੀ ਬਣੋ

*ਆਪਣੀ ਪ੍ਰਾਪਰਟੀ ਦੀ ਦੇਖਭਾਲ ਕਰਕੇ ਖ਼ਰਾਬ ਅਤੇ ਖਤਰਨਾਕ ਸਥਿਤੀਆਂ ਨੂੰ ਰੋਕੋ*

ਬ੍ਰੈਂਪਟਨ, ਓਨਟੈਰੀਓ – ਕਿਉਂਕਿ ਨਿੱਘਾ ਮੌਸਮ ਆਉਣ ਵਾਲਾ ਹੈ, ਇਸਲਈ ਸਿਟੀ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਨਿਵਾਸੀ ਆਪਣੇ ਆਸ-ਪੜੋਸ ਦੀ ਸੰਭਾਲ ਕਰਦੇ ਹਨ।

ਚੰਗੇ ਗਵਾਂਢੀ ਬਣੋ। ਆਪਣੀ ਪ੍ਰਾਪਰਟੀ ਦੀ ਦੇਖਭਾਲ ਕਰਕੇ ਖ਼ਰਾਬ ਅਤੇ ਖਤਰਨਾਕ ਸਥਿਤੀਆਂ ਨੂੰ ਰੋਕਣ ਲਈ ਜ਼ਰੂਰੀ ਕਦਮ ਚੁੱਕੋ। ਇੱਥੇ ਕੁਝ ਸੁਝਾਅ ਦਿੱਤੇ ਗਏ ਹਨ ਕਿ ਤੁਸੀਂ ਇਸ ਬਸੰਤ ਅਤੇ ਗਰਮੀ ਦੀ ਰੁੱਤ ਵਿੱਚ ਇਸਨੂੰ ਵਧੀਆ ਸਥਿਤੀ ਵਿੱਚ ਕਿਵੇਂ ਰੱਖ ਸਕਦੇ ਹੋ:

**ਰੁੱਖ**

ਤੁਹਾਡੀ ਪ੍ਰਾਪਰਟੀ ‘ਤੇ ਰੁੱਖਾਂ ਅਤੇ ਵਾੜਾਂ ਨੂੰ ਬਹੁਤ ਜ਼ਿਆਦਾ ਵਧਣ ਤੋਂ ਰੋਕਣ ਲਈ ਉਹਨਾਂ ਨੂੰ ਛੋਟਾ ਕਰਨਾ ਚਾਹੀਦਾ ਹੈ, ਜੋ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਲੋਕਾਂ ਦੇ ਪਗਡੰਡੀਆਂ ‘ਤੇ ਚੱਲਣ ਵਿੱਚ ਰੁਕਾਵਟ ਬਣਦੇ ਹਨ।

ਟ੍ਰੀ ਪ੍ਰੀਜ਼ਰਵੇਸ਼ਨ ਬਾਇ-ਲਾਅ (ਰੁੱਖ ਸਾਂਭ ਉਪ-ਨਿਯਮ) (Tree Preservation By-law) ਨਿੱਜੀ ਪ੍ਰਾਪਰਟੀ ‘ਤੇ ਰੁੱਖਾਂ ਦੀ ਰੱਖਿਆ ਕਰਦਾ ਹੈ। ਆਪਣੀ ਪ੍ਰਾਪਰਟੀ ਤੋਂ ਕੋਈ ਰੁੱਖ ਹਟਾਉਣ ਤੋਂ ਪਹਿਲਾਂ, ਜਾਂ ਜੇਕਰ ਸਿਟੀ ਦੀ ਪ੍ਰਾਪਰਟੀ, ਜਿਵੇਂ ਬੁਲੇਵਾਰਡ ‘ਤੇ ਜਾਂ ਕਿਸੇ ਪਾਰਕ ਵਿੱਚ, ਕਿਸੇ ਰੁੱਖ ਬਾਰੇ ਤੁਹਾਡੀ ਕੋਈ ਚਿੰਤਾ ਹੈ, ਤਾਂ 311 ‘ਤੇ ਫੋਨ ਕਰਕੇ ਪਾਰਕਸ ਮੈਂਟੇਨੈਂਸ ਐਂਡ ਫੋਰਸਟਰੀ (Parks Maintenance and Forestry) ਨੂੰ ਸੰਪਰਕ ਕਰੋ।

**ਘਾਹ ਅਤੇ ਘਾਹ-ਫੂਸ**

ਲੰਮੀ ਘਾਹ ਦੇਖਣ ਵਿੱਚ ਭੈੜੀ ਲੱਗਦੀ ਹੈ ਅਤੇ ਕੁਤਰਨ ਵਾਲੇ ਜੀਵਾਂ ਨੂੰ ਆਕਰਸ਼ਿਤ ਕਰ ਸਕਦੀ ਹੈ। ਆਪਣੇ ਘਾਹ ਨੂੰ 20 ਸੈਂ.ਮੀ. (8 ਇੰਚ) ਤੱਕ ਜਾਂ ਇਸਤੋਂ ਛੋਟਾ ਰੱਖੋ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਸਿਟੀ ਤੁਹਾਨੂੰ ਤੁਹਾਡੀ ਲੰਮੀ ਘਾਹ ਅਤੇ ਘਾਹ-ਫੂਸ ਨੂੰ ਕੱਟਣ ਦਾ ਹੁਕਮ ਦਿੰਦੇ ਹੋਏ ਇੱਕ ਪਾਲਣਾ ਕਰਨ ਦਾ ਹੁਕਮ (Order to Comply) ਜਾਰੀ ਕਰ ਸਕਦੀ ਹੈ। ਸਿਟੀ ਮੁੜ-ਜਾਂਚ ਕਰੇਗੀ ਅਤੇ ਜੇਕਰ ਤਦ ਵੀ ਘਾਹ ਅਤੇ/ਜਾਂ ਘਾਹ-ਫੂਸ ਨਹੀਂ ਕੱਟਿਆ ਜਾਂਦਾ ਹੈ, ਤਾਂ ਉਹ ਪ੍ਰਾਪਰਟੀ ਦੇ ਮਾਲਕ ਤੋਂ ਇਸਦਾ ਖ਼ਰਚ ਵਸੂਲ ਕਰਦੇ ਹੋਏ, ਉਸਨੂੰ ਕੱਟਣ ਲਈ ਇੱਕ ਠੇਕੇਦਾਰ ਦਾ ਪ੍ਰਬੰਧ ਕਰੇਗੀ। ਇਹ ਖ਼ਰਚ, ਨਾਲ ਹੀ ਇੱਕ ਪ੍ਰਸ਼ਾਸਕੀ ਫੀਸ, ਮਾਲਕ ਦੇ ਪ੍ਰਾਪਰਟੀ ਟੈਕਸ ਵਿੱਚ ਸਿੱਧੇ ਜੋੜੀ ਜਾਏਗੀ।

ਕੀੜੇਮਾਰ ਦਵਾਈਆਂ ਦੇ ਬਿਨਾਂ ਘਾਹ-ਫੂਸ ਨੂੰ ਖ਼ਤਮ ਕਰਨ ਲਈ, ਘਾਹ-ਫੂਸ ਦੀ ਬੀਜ ਫੈਲਾਉਣ ਦੀ ਸਮਰੱਥਾ ਨੂੰ ਘੱਟ ਕਰਨ ਲਈ ਅਕਸਰ ਆਪਣੇ ਲਾਅਨ ਦੀ ਛਾਂਟੀ ਕਰਦੇ ਰਹੋ, ਖਾਦ ਪਾਉਣ ਅਤੇ ਹਵਾ ਦੇਣ ਵਿੱਚ ਵਾਧਾ ਕਰੋ, ਆਪਣੇ ਗਾਰਡਨ ਅਤੇ ਝਾੜੀਆਂ ਵਾਲੇ ਖੇਤਰ ਨੂੰ ਪਰਾਲੀ ਨਾਲ ਢਕੋ ਅਤੇ ਜਦੋਂ ਵੀ ਲੋੜ ਹੋਵੇ ਤਾਂ ਹੱਥ ਨਾਲ ਘਾਹ-ਫੂਸ ਹਟਾਓ।

**ਖੜ੍ਹਾ ਪਾਣੀ**

ਪਾਣੀ ਅਕਸਰ ਬੱਚਿਆਂ ਦੇ ਖਿਡੌਣਿਆਂ ਅਤੇ ਬੱਚਿਆਂ ਦੇ ਤੈਰਨ ਵਾਲੇ ਪੂਲਸ, ਬਾਲਟੀਆਂ, ਟਾਇਰਾਂ ਅਤੇ ਪੂਲ ਕਵਰਾਂ ਦੇ ਉੱਪਰਲੇ ਪਾਸੇ ਇਕੱਠਾ ਹੋ ਜਾਂਦਾ

ਹੈ। ਇਸਨੂੰ ਖੜ੍ਹਾ ਪਾਣੀ ਕਿਹਾ ਜਾਂਦਾ ਹੈ, ਅਤੇ ਇਸਨੂੰ ਤੁਹਾਡੀ ਪ੍ਰਾਪਰਟੀ ਤੋਂ ਹਟਾਇਆ ਜਾਣਾ ਚਾਹੀਦਾ ਹੈ। ਖੜ੍ਹਾ ਪਾਣੀ ਮੱਛਰਾਂ ਲਈ ਪ੍ਰਜਨਨ ਥਾਂ ਹੈ ਅਤੇ ਇਹ ਅਕਸਰ ਸੁਰੱਖਿਆ ਲਈ ਖ਼ਤਰਾ ਹੁੰਦੀ ਹੈ।

**ਬੁਲੇਵਾਰਡ ਦੇਖਭਾਲ**

ਬੁਲੇਵਾਰਡ ਰਿਹਾਇਸ਼ੀ ਪ੍ਰਾਪਰਟੀ ਦਾ ਹਿੱਸਾ ਹੈ, ਜੋ ਸੜਕ ਦੇ ਨੇੜੇ ਹੈ। ਜਦਕਿ ਇਹ ਜ਼ਮੀਨ ਸਿਟੀ ਦੀ ਮਾਲਕੀ ਵਾਲੀ ਹੈ, ਬੁਲੇਵਾਰਡ ਮੈਂਟੇਨੈਂਸ ਬਾਇ-ਲਾਅ (ਬੁਲੇਵਾਰਡ ਦੇਖਭਾਲ ਉਪ-ਨਿਯਮ) (Boulevard Maintenance By-law) ਦੇ ਮੁਤਾਬਕ, ਇਸਦੀ ਦੇਖਭਾਲ ਕਰਨਾ ਪ੍ਰਾਪਰਟੀ ਦੇ ਮਾਲਕ ਦੀ ਜ਼ਿੰਮੇਵਾਰੀ ਹੈ। ਇਸ ਵਿੱਚ ਸ਼ਾਮਲ ਹੈ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹੈ:

- ਘਾਹ ਕੱਟਣਾ
- ਕੂੜਾ, ਮਲਬਾ, ਪਾਲਤੂ ਜਾਨਵਰਾਂ ਦਾ ਕੂੜਾ-ਕਰਕਟ ਅਤੇ ਤਿਲਕਣ/ਡਿੱਗਣ ਦੇ ਖਤਰਿਆਂ ਨੂੰ ਦੂਰ ਕਰਨਾ

**ਮਲਬਾ**

ਤੁਹਾਡੀ ਪ੍ਰਾਪਰਟੀ 'ਤੇ ਖ਼ਰਾਬ ਜਾਂ ਅੰਸ਼ਕ ਰੂਪ ਨਾਲ ਕੰਮ ਕਰਨ ਵਾਲੀਆਂ ਵਸਤਾਂ ਜਾਂ ਮਲਬਾ ਸਾਂਭ ਕੇ ਰੱਖਣਾ ਨਾ ਸਿਰਫ਼ ਤੁਹਾਡੀ ਪ੍ਰਾਪਰਟੀ ਅਤੇ ਗਵਾਂਢ ਦੇ ਰੰਗ-ਰੂਪ 'ਤੇ ਅਸਰ ਪਾਉਂਦਾ ਹੈ, ਬਲਕਿ ਇਹ ਸਿਹਤ ਅਤੇ ਸੁਰੱਖਿਆ ਲਈ ਖਤਰਾ ਹੋ ਸਕਦਾ ਹੈ। ਆਪਣੀ ਪ੍ਰਾਪਰਟੀ 'ਤੇ ਵਾਹਨਾਂ ਦੇ ਪੁਰਜੇ, ਨਿਪਟਾਰਾ ਕੀਤਾ ਫਰਨੀਚਰ ਅਤੇ ਉਪਕਰਨ, ਉਸਾਰੀ ਸਬੰਧੀ ਸਮੱਗਰੀਆਂ, ਪਾਲਤੂ ਜਾਨਵਰਾਂ ਦਾ ਕੂੜਾ-ਕਰਕਟ ਜਾਂ ਹੋਰ ਮਲਬਾ ਇਕੱਠਾ ਕਰਕੇ ਨਾ ਰੱਖੋ।

ਜੇਕਰ ਤੁਹਾਡੀ ਪ੍ਰਾਪਰਟੀ ਮਲਬੇ ਤੋਂ ਮੁਕਤ ਨਹੀਂ ਹੈ, ਤਾਂ ਸਿਟੀ ਇਸਨੂੰ ਹਟਾਉਣ ਦੀ ਸ਼ਰਤ ਰੱਖਦੇ ਹੋਏ ਇੱਕ ਪਾਲਣਾ ਕਰਨ ਦਾ ਹੁਕਮ (Order to Comply) ਜਾਰੀ ਕਰ ਸਕਦੀ ਹੈ। ਸਿਟੀ ਮੁੜ-ਜਾਂਚ ਕਰੇਗੀ ਅਤੇ ਜੇਕਰ ਹੁਕਮ ਦੀ ਪਾਲਣਾ ਨਹੀਂ ਕੀਤੀ ਗਈ ਹੈ, ਤਾਂ ਉਹ ਮਿਨੀਮਮ ਮੈਂਟੇਨੈਂਸ (ਪ੍ਰਾਪਰਟੀ ਸਟੈਂਡਰਡਸ) ਬਾਇ-ਲਾਅ (Minimum Maintenance (Property Standards) By-law) ਅਤੇ ਰਿਫਿਊਜ ਐਂਡ ਡੰਪਿੰਗ ਬਾਇ-ਲਾਅ (Refuse and Dumping By-law) ਦੇ ਮੁਤਾਬਕ ਪ੍ਰਾਪਰਟੀ ਦੇ ਮਾਲਕ ਤੋਂ ਇਸਦਾ ਖ਼ਰਚ ਵਸੂਲ ਕਰਦੇ ਹੋਏ, ਮਲਬੇ ਨੂੰ ਹਟਾਉਣ ਲਈ ਇੱਕ ਠੇਕੇਦਾਰ ਦਾ ਪ੍ਰਬੰਧ ਕਰੇਗੀ। ਇਹ ਖ਼ਰਚ, ਨਾਲ ਹੀ ਇੱਕ ਪ੍ਰਸ਼ਾਸਕੀ ਫੀਸ, ਮਾਲਕ ਦੇ ਪ੍ਰਾਪਰਟੀ ਟੈਕਸ ਵਿੱਚ ਸਿੱਧੇ ਜੋੜੀ ਜਾਏਗੀ।

ਉਪ-ਨਿਯਮ (ਬਾਇ-ਲਾਅ) ਸਾਡੇ ਸ਼ਹਿਰ ਦੀ ਕੁਆਲਿਟੀ ਨੂੰ ਕਾਇਮ ਰੱਖਣ ਵਿੱਚ ਮਦਦ ਕਰਦੇ ਹਨ, ਅਤੇ ਹਰੇਕ ਬ੍ਰੈਂਪਟਨ ਵਾਸੀ ਦੀ ਇਹਨਾਂ ਸਟੈਂਡਰਡਸ ਨੂੰ ਕਾਇਮ ਰੱਖਣ ਵਿੱਚ ਭੂਮਿਕਾ ਹੁੰਦੀ ਹੈ। ਬ੍ਰੈਂਪਟਨ ਦੀ ਬਿਹਤਰੀ ਵਿੱਚ ਯੋਗਦਾਨ ਪਾਉਣ ਲਈ ਆਪਣੀ ਭੂਮਿਕਾ ਨਿਭਾਓ – ਆਪਣੀਆਂ ਜ਼ਿੰਮੇਵਾਰੀਆਂ ਬਾਰੇ ਜਾਣੋ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਲਈ ਸਿਟੀ ਦੇ ਉਪ-ਨਿਯਮਾਂ ਦੀ ਪਾਲਣਾ ਕਰੋ ਕਿ ਹਰ ਕੋਈ ਇੱਕ ਸਾਫ਼, ਸੁਰੱਖਿਅਤ ਸ਼ਹਿਰ ਦਾ ਅਨੰਦ ਮਾਣਦਾ ਹੈ।

ਪ੍ਰਾਪਰਟੀ ਸਟੈਂਡਰਡਸ ਬਾਰੇ ਹੋਰ ਜਾਣਕਾਰੀ ਲਈ, www.brampton.ca/bylaws 'ਤੇ ਜਾਓ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**Matte Story | May 11, 2018**

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca